ਇਮਪਲੌਏਅਰਜ਼ ਐਡਵਾਈਜ਼ਰ
ਕਾਨੂੰਨ ਅਤੇ ਪੌਲਸੀ ਬਾਰੇ ਬੁਲੇਟਿਨ

BRITISH COLUMBIA
Employers' Advisers Office

*ਇਮਪਲੌਏਅਰਜ਼ ਐਡਵਾਈਜ਼ਰ ਦੇ ਦਫਤਰ, ਲੇਬਰ ਮਨਿਸਟਰੀ, ਬੀ.ਸੀ. ਸਰਕਾਰ ਵਲੋਂ ਇਕ ਬੁਲੇਟਿਨ। ਇਮਪਲੌਏਅਰਜ਼ ਐਡਵਾਈਜ਼ਰ ਦਾ ਦਫਤਰ, ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ 'ਤੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

# ਵਰਕਰਜ਼ ਕੰਪਨਸੇਸ਼ਨ ਐਕਟ ਜ਼ਖਮੀ ਵਰਕਰਾਂ ਲਈ ਕੰਮ 'ਤੇ ਵਾਪਸ ਜਾਣ ਦੀਆਂ ਸ਼ਰਤਾਂ 1 ਜਨਵਰੀ, 2024 ਤੋਂ ਲਾਗੂ ਹੋ ਗਈਆਂ ਹਨ।

24 ਨਵੰਬਰ, 2022 ਨੂੰ ਬਿੱਲ 41 – ਵਰਕਰਜ਼ ਕੰਪਨਸੇਸ਼ਨ ਸੋਧ ਐਕਟ (ਨੰਬਰ 2), 2022 – ਕਾਨੂੰਨ ਬਣ ਗਿਆ। ਇਸ ਬਿੱਲ ਵਿਚਲੀਆਂ ਬਹੁਤੀਆਂ ਤਬਦੀਲੀਆਂ ਪਹਿਲਾਂ ਹੀ ਲਾਗੂ ਹੋ ਗਈਆਂ ਹਨ। ਇਸ ਬਿੱਲ ਦੀਆਂ ਜ਼ਖਮੀ ਵਰਕਰਾਂ ਲਈ ਕੰਮ 'ਤੇ ਵਾਪਸ ਜਾਣ ਨਾਲ ਸੰਬੰਧਿਤ ਸ਼ਰਤਾਂ 1 ਜਨਵਰੀ, 2024 ਤੋਂ ਲਾਗੂ ਹੋ ਗਈਆਂ ਹਨ।

1 ਜਨਵਰੀ, 2024 ਤੋਂ, ਬੀ.ਸੀ. ਦੇ ਸਾਰੇ ਕੰਮ-ਮਾਲਕਾਂ (ਇਮਪਲੌਏਅਰਜ਼) ਅਤੇ ਜ਼ਖਮੀ ਵਰਕਰਾਂ ਦਾ ਇਹ ਪੱਕਾ ਕਰਨ ਲਈ, ਇਕ ਦੂਜੇ ਨਾਲ ਅਤੇ ਵਰਕਸੇਫ ਬੀ ਸੀ ਨਾਲ ਸਹਿਯੋਗ ਕਰਨਾ ਇਕ ਕਾਨੂੰਨੀ ਫਰਜ਼ ਬਣ ਗਿਆ ਹੈ ਕਿ ਵਰਕਰ ਆਪਣੀਆਂ ਪੁਰਾਣੀਆਂ ਜੌਬਾਂ 'ਤੇ ਜਾਂ ਹੋਰ ਢੁਕਵੇਂ ਕੰਮ 'ਤੇ ਵਾਪਸ ਜਾ ਸਕਦੇ ਹਨ। ਸਹਿਯੋਗ ਕਰਨ ਦਾ ਫਰਜ਼, ਕੰਮ-ਮਾਲਕਾਂ ਅਤੇ ਵਰਕਰਾਂ ਤੋਂ ਆਪਸ ਵਿਚ ਗੱਲਬਾਤ ਕਾਇਮ ਰੱਖਣ, ਵਰਕਰ ਲਈ ਢੁਕਵੇਂ ਕੰਮ ਦੀ ਪਛਾਣ ਕਰਨ ਅਤੇ ਕੰਮ 'ਤੇ ਵਾਪਸੀ ਦੇ ਯਤਨਾਂ ਵਿਚ ਮਦਦ ਕਰਨ ਲਈ ਵਰਕਸੇਫ ਬੀ ਸੀ ਨੂੰ ਮੰਗੀ ਗਈ ਜਾਣਕਾਰੀ ਪ੍ਰਦਾਨ ਕਰਨ ਦੀ ਮੰਗ ਕਰਦਾ ਹੈ।

ਇਸ ਦੇ ਇਲਾਵਾ, 20 ਜਾਂ ਜ਼ਿਆਦਾ ਵਰਕਰਾਂ ਵਾਲਾ ਕੋਈ ਵੀ ਕੰਮ-ਮਾਲਕ ਜਿਸ ਨੇ ਸੱਟ ਲੱਗਣ ਤੋਂ ਪਹਿਲਾਂ ਕਿਸੇ ਵਰਕਰ ਨੂੰ ਘੱਟੋ ਘੱਟ ਇਕ ਸਾਲ ਲਈ ਕੰਮ 'ਤੇ ਰੱਖਿਆ ਹੈ, ਉਹ ਸੱਟ ਲੱਗਣ ਤੋਂ ਬਾਅਦ ਉਸ ਵਰਕਰ ਦੇ ਰੁਜ਼ਗਾਰ ਨੂੰ ਕਾਇਮ ਰੱਖਣ ਲਈ ਜ਼ਿੰਮੇਵਾਰ ਹੈ। ਜ਼ਖਮੀ ਵਿਅਕਤੀ ਨੂੰ ਕੰਮ ਦੇਣ ਵਾਸਤੇ ਕੰਮ-ਮਾਲਕਾਂ ਲਈ ਕੰਮ ਜਾਂ ਕੰਮ ਦੀ ਥਾਂ 'ਤੇ ਲੋੜੀਂਦੀਆਂ ਤਬਦੀਲੀਆਂ ਕਰਨਾ ਵੀ ਜ਼ਰੂਰੀ ਹੈ, ਜੇ ਕੀਤੀਆਂ ਜਾਣ ਵਾਲੀਆਂ ਇਹ ਤਬਦੀਲੀਆਂ ਕੋਈ ਨਾਵਾਜਬ ਤੰਗੀ ਦਾ ਕਾਰਨ ਨਹੀਂ ਬਣਦੀਆਂ।

ਇਹ ਫਰਜ਼ ਉਨ੍ਹਾਂ ਫਰਜ਼ਾਂ ਤੋਂ ਇਲਾਵਾ ਹਨ ਜਿਹੜੇ ਕੰਮ-ਮਾਲਕਾਂ ਦੇ ਪਹਿਲਾਂ ਹੀ ਮਨੁੱਖੀ ਹੱਕਾਂ ਦੇ ਕਾਨੂੰਨ ਹੇਠ ਹਨ।

9 ਨਵੰਬਰ, 2023 ਨੂੰ ਵਰਕਸੇਫ ਬੀ ਸੀ ਦੇ ਬੋਰਡ ਔਫ ਡਾਇਰੈਕਟਰਜ਼ ਨੇ, ਸਹਿਯੋਗ ਕਰਨ ਦੇ ਫਰਜ਼ ਅਤੇ ਰੁਜ਼ਗਾਰ ਕਾਇਮ ਰੱਖਣ ਦੇ ਫਰਜ਼ ਦੀ ਮਦਦ ਕਰਨ ਲਈ ਸੋਧੀ ਹੋਈ ਪੌਲਸੀ ਨਾਲ ਮਤਾ ਪਾਸ ਕੀਤਾ। ਨਵੀਂ ਪੌਲਸੀ ਦੀਆਂ ਚਾਰ ਚੀਜ਼ਾਂ ਹਨ ਜਿਹੜੀਆਂ ਇਹ ਵਰਣਨ ਕਰਦੀਆਂ ਹਨ ਕਿ ਵਰਕਸੇਫ ਬੀ ਸੀ ਇਹ ਅਨੁਮਾਨ ਕਿਵੇਂ ਲਾਏਗੀ ਕਿ ਕੰਮ-ਮਾਲਕ ਅਤੇ ਵਰਕਰ ਨਵੇਂ ਫਰਜ਼ਾਂ ਦੀ ਪਾਲਣਾ ਕਰ ਰਹੇ ਹਨ।

ਪੌਲਸੀ ਦੀ ਸੋਧੀ ਹੋਈ ਸਾਮੱਗਰੀ ਵਰਕਸੇਫ ਬੀ ਸੀ ਦੇ ਵੈੱਬਸਾਈਟ (www.worksafebc.com) 'ਤੇ ਦੇਖੀ ਜਾ ਸਕਦੀ ਹੈ ਅਤੇ ਬੋਰਡ ਔਫ ਡਾਇਰੈਕਟਰਜ਼ ਦਾ ਮਤਾ ਇੱਥੇ ਦੇਖਿਆ ਜਾ ਸਕਦਾ ਹੈ:
https://www.worksafebc.com/en/resources/law-policy/board-of-directors-decisions/bod-2023-11-09-06-return-to-work-obligations-duty-to-cooperate-duty-to-maintain-employment?lang=en

ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਕੰਮ-ਮਾਲਕਾਂ ਨੂੰ ਪ੍ਰਬੰਧਕੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਪਾਲਣਾ ਨਾ ਕਰਨ ਵਾਲੇ ਵਰਕਰਾਂ ਨੂੰ ਬੈਨੇਫਿਟ ਲਈ ਹੱਕਦਾਰੀ ਘਟਣ ਦਾ ਖਤਰਾ ਹੋ ਸਕਦਾ ਹੈ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਦਫਤਰ ਨਾਲ ਸੰਪਰਕ ਕਰੋ, ਅਤੇ ਲੇਬਰ ਮਨਿਸਟਰੀ ਦੀ ਨਿਊਜ਼ ਰਿਲੀਜ਼ ਦੇਖੋ ਜੋ ਕਿ ਔਨਲਾਈਨ ਉਪਲਬਧ ਹੈ:
https://news.gov.bc.ca/releases/2023LBR0035-002002



**ਸਾਡੇ ਨਾਲ ਸੰਪਰਕ ਕਰੋ**
**ਫੋਨ: 1-800-925-2233; ਫੈਕਸ: 1-855-664-7993**
**www.gov.bc.ca/employersadvisers**
ਇਨਕੁਆਰੀਆਂ/ਸਬਸਕਰਾਈਬ/ਅਨਸਬਸਕਰਾਈਬ: EAO@eao-bc.org